# ਭਾਰਤ-ਪਾਕਿਸਤਾਨ ਵਿਚਕਾਰ ਜੰਗ ਰੋਕਣ ਲਈ

# ਵਿਸ਼ਵ ਸਿੱਖ ਸੰਸਦ ਦੀ ਹੰਗਾਮੀ ਕਾਨਫ਼੍ਰੰਸ ਵੱਲੋਂ ਬੱਫ਼ਰ ਸਟੇਟ, ਖਾਲਿਸਤਾਨ, ਲਈ ਜ਼ੋਰਦਾਰ ਮੰਗ

**ਸ਼ਨੀਵਾਰ, ੧੧ ਮਈ, ਬਰਮਿੰਘਮ ਕੌਂਸਲ ਹਾਊਸ:** ਬਰਮਿੰਘਮ ਦੇ ਕੌਂਸਲ ਚੇਂਬਰ ਵਿਖੇ ਹੋਈ ਇਸ ਅੰਤਰ-ਰਾਸ਼ਟ੍ਰੀ ਕਾਨਫ਼੍ਰੰਸ ਦੌਰਾਨ ਸੁਯੰਕਤ-ਰਾਸ਼ਟ੍ਰ ਦੇ ਨੁਮਾਇੰਦਿਆਂ, ਯੋਰਪੀ-ਯੂ. ਕੇ. ਸਿਆਸੀ ਪਾਰਟੀ ਨੁਮਾਇੰਦਿਆਂ, ਵਿਦਵਾਨਾਂ, ਅਤੇ ਪੰਜਾਬ ਤੋਂ ਆਲ ਇੰਡੀਆ ਸਿੱਖ ਸਟੂਡੇਂਟਸ ਫ਼ੈਡ੍ਰੇਸ਼ਨ ਦੇ ਕਨਵੀਨਰ ਤੋਂ ਇਲਾਵਾ, ਸ੍ਰੀ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਜੀ ਦੇ ਵਕੀਲ ਐਡਵੋਕੇਟ ਅਮਰ ਸਿੰਘ ਚਾਹਲ ਨੇ ਵੀ, ਹਿੰਦ-ਪਾਕਿਸਤਾਨ ਵਿਚਕਾਰਲੇ, ਮੱਧਵਰਤੀ ਸਿੱਖ ਖੁੱਦ-ਮੁੱਖਤਿਆਰੀ ਰਾਜ, ਖਾਲਿਸਤਾਨ, ਸਥਾਪਤ ਕਰਨ ਦੀ ਮੰਗ ਕੀਤੀ ਗਈ ।

ਕਾਨਫ਼੍ਰੰਸ ਦੀ ਸ਼ੁਰੂਆਤ ਵਿਚ ਸੁਯੰਕਤ ਰਾਸ਼ਟਰ ਦੇ ਨੱਸਲ-ਕੁਸ਼ੀ ਅਤੇ ਮਨੁੱਖੀ ਜੁਰਮ ਨਿਰੋਧ ਕਮੇਟੀ (UN Global Steering Committee on Prevention of Genocide and Atrocity Crimes) ਦੇ ਮੈਂਬਰ, ਡਾ ਇਕਤਿਦਾਰ ਚੀਮਾ ਨੂੰ, ਵਿਸ਼ਵ ਸਿੱਖ ਸੰਸਦ ਵੱਲੋਂ ਸਿੱਖ ਇਸਤਹਾਸ, ਮਨੁੱਖੀ ਅਧਿਕਾਰ ਅਤੇ ਸਵੈ-ਨਿਰਣੇ ਹੱਕਾਂ ਲਈ ਸੇਵਾਵਾਂ ਵਾਸਤੇ, 'ਸਾਈਂ ਮੀਆਂ ਮੀਰ ਪੁਰਸਕਾਰ' ਨਾਲ ਨਿਵਾਜਿਆ ਗਿਆ । ਉਹਨਾ ਨੇ ਵੀ ਸੰਸਦ ਨੂੰ ਕੀਮਤੀ ਤੋਹਫ਼ਾ ਪੇਸ਼ ਕੀਤਾ, ਜਿਸ ਵਿਚ ਪਿੱਛਲੀ ਦਿਨੀ ਉਹਨਾਂ ਸੁਯੰਕਤ ਰਾਸ਼ਟਰ ਦੇ ਏਲਾਨ-ਨਾਮੇ ਵਿਚ ਹਲੇਮੀ ਰਾਜ ਦਾ ਜ਼ਿਕਰ ਕਰਦੀਆਂ ਅਤੇ ਉਨ੍ਹਾਂ ਵੱਲੋਂ ਉਸ ਵਿਚ ਹੋਰ ਦਰਜ ਕੀਤੀਆਂ ਗੁਰਬਾਣੀ ਦੀਆਂ ਤੁਕਾਂ ਵੀ ਸ਼ੀਸ਼ੇ'ਚ ਮੜ੍ਹੀਆਂ ਸਨ ।

ਉਹਨਾਂ ਆਪਣੇ ਭਾਸ਼ਨ ਵਿਚ ਕਿਹਾ ਕਿ ਗੁਰਬਾਣੀ ਦਾ ਸੰਦੇਸ਼ ਸਭਨਾ ਲਈ ਸਾਂਝਾ ਹੈ, ਜਿਸ ਅੰਦਰ ਸ਼ੇਖ ਫ਼ਰੀਦ, ਭਗ਼ਤ ਭੀਖਨ ਅਤੇ ਕਬੀਰ ਜੀ ਦੀਆਂ ਬਾਣੀਆਂ ਵੀ ਦਰਜ ਹਨ । ਸਿੱਖ ਅਤੇ ਮੁੱਸਲਮਾਨ ਹਮੇਸ਼ਾਂ ਸਾਥ-ਸਾਥ ਚਲਦੇ ਆਏ ਹਨ, ਜਿਸ ਕਰਕੇ ਗੁਰੂ ਨਾਨਕ ਜੀ ਬਾਰੇ ਕਿਹਾ ਜਾਂਦਾ ਹੈ ਕਿ ਉਹ ਸਿੱਖਾਂ ਦੇ ਸਿਰਫ਼ ਗੁਰੂ ਹੀ ਨਹੀਂ, ਮੁੱਸਲਮਾਨਾਂ ਦੇ ਪੀਰ ਵੀ ਹਨ । ਪਰ ਅੱਜ ਜਿੱਥੇ ਸਿੱਖਾਂ ਨੇ ਪੀਰੀ ਭਾਵੇਂ ਜ਼ਰੂਰ ਅਪਨਾਈ ਹੋਵੇਗੀ, ਉੱਥੇ ਇਹ ਮੀਰੀ-ਪੀਰੀ ਦੇ ਸਿਧਾਂਤ ਨੂੰ ਪੂਰੀ ਤਰਾਂ ਲਾਗੂ ਨਹੀਂ ਕਰ ਸਕੇ । ਭਾਵੇਂ, ਸੁਯੰਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਦੇ ਸੰਵਿਦਾਨ, 1966 ਦੀ ਮੁੱਢਲੀ ਧਾਰਾ ਇਸ ਹੱਕ ਨੂੰ ਪੂਰੀ ਤਰਾਂ ਦਵਾਉਂਦੀ ਵੀ ਹੈ । ਇਨ੍ਹਾਂ ਹੱਕਾਂ ਨੂੰ ਜਿੱਥੇ ਕਾਂਗਰਸ ਸਰਕਾਰਾਂ ਖੋਹਦੀਆਂ ਆਈਆਂ ਹਨ, ਉੱਥੇ ਵਰਤਮਾਨ ਸਰਕਾਰ ਇਨ੍ਹਾਂ ਨੂੰ ਪੂਰੀ ਤਰਾਂ ਖਤਮ ਕਰਨ ਦੀ ਤਿਆਰੀ ਵਿਚ ਹੈ । ਪਰ ਇਸ ਨਾਲ ਇਹ ਵੀ ਸਾਬਤ ਹੋ ਗਿਆ ਹੈ ਕਿ ਭਾਰਤੀ ਲੋਕ-ਤਾਂਤ੍ਰਤਾ ਸਿਰਫ਼ ਇਕ ਪ੍ਰਕੀਆ ਬਣ ਕੇ ਰਹਿ ਗਈ ਹੈ, ਅੱਸਲੀਅਤ ਨਹੀਂ । ਅੱਸਲੀ ਜਮਹੂਰੀਅਤ ਇਹ ਘੱਟ-ਗਿਣਤੀ ਕੌਮਾਂ ਤੋਂ ਹੀ ਸਿੱਖ ਸਕਦੀ ਹੈ । ਇਹ ਪਾਕਿਸਤਾਨ ਨਾਲ ਲੜਾਈ ਛੇੜਕੇ ਪਾਕਿ-ਚੀਨ ਦੀ ਦੋਸਤੀ ਵਿਚ ਦੱਖਲ ਦੇ ਕੇ ਇਨ੍ਹਾਂ ਮੁਲਕਾਂ ਦੀ ਖੁਸ਼-ਹਾਲੀ ਵਿਚੁ ਵੀ ਫ਼ਰਕ ਪਾਉਣਾ ਚਾਹੁੰਦੀ ਹੈ । ਸੋ ਇਸ ਸਰਕਾਰ ਨੇ ਇਹ ਵੀ ਸਪਸ਼ਟ ਕਰ ਦਿੱਤਾ ਹੈ ਕਿ ਤਿੰਨ ਵਿਰੋਧੀ ਮੁਲਕਾਂ ਵਿਚਕਾਰ ਕਸ਼ਮੀਰ ਅਤੇ ਖਾਲਿਸਤਾਨ ਮੱਧਵਰਤੀ ਰਾਜ (buffer states), ਸਥਾਪਤ ਕਰਨਾ ਜਰੂਰੀ ਹੀ ਹੈ । ਇਹ ਰਾਜ, ਵਾਰ ਰਾਇ ਬਲਵੰਡਿ ਤਥਾ ਸਤੈ ਦੇ ਮੁਤਾਬਿਕ 'ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ', ਸਥਾਪਤ ਕਰਨ ਨਾਲ ਹੀ ਸਾਊਥ ਏਸ਼ੀਆ ਵਿਚ ਅਮਨ-ਸ਼ਾਂਤੀ ਅਤੇ ਖੁਸ਼-ਹਾਲਾਤ ਪੈਦਾ ਹੋ ਸਕਦੇ ਹਨ ।

ਵੈੱਸਟਮਿੰਸਟ੍ਰ ਯੂਨੀਵਰਸਿਟੀ ਦੇ ਸਿਆਸੀ ਵਿਭਾਗ (Dept. Politics and Int'l Relations, University of Westminster) ਦੇ ਡਾ ਸਈੱਦਾ ਐਨੀ-ਵੱਕਾਰ ਨੇ ਹਿੰਦੁਸਤਾਨ ਵੱਲੋਂ ਪ੍ਰਮਾਣੂ ਹੱਥਿਆਰਾਂ ਉੱਨੀ ਸੌ ਸੱਤਰਾਂ ਵਿਚ ਤਿਆਰ ਕਰਨ ਤੋਂ ਬਾਅਦ, ਫ਼ਿਰ ਪਾਕਿਸਤਾਨ ਵੱਲੋਂ ਆਪਣੇ ਵੀ ਅੱਸੀਆਂ ਵਿਚ ਤਿਆਰ ਕਰਨ ਦੇ ਪਿੱਛੋਂ, ਦੋਨੋ ਧਿਰਾਂ ਦੀ ਲਗਾਤਾਰ ਫਲਣਸ਼ੀਲਤਾ ਨੂੰ ਰੁਕਵਾਉਣ ਲਈ ਯੂ. ਕੇ. ਦੀ ਸਰਕਾਰ ਨੂੰ ਆਪਣੀ ਜ਼ਿੰਮੇਦਾਰੀ ਸਮਝਕੇ, ਸੁਯੰਕਤ ਰਾਸ਼ਟਰ ਦੀ ਸੁਰੱਖਸ਼ਾ ਕੌਂਸਲ ਵਿਚ ਉਠਾਉਣ ਲਈ ਦਬਾੱ ਪਾਉਣ ਲਈ ਕਿਹਾ, ਕਿਉਂਕਿ ਸਰਹੱਦ ਉੱਤੇ ਆਮ ਜੰਗ ਦਾ ਖੌਫ਼ ਵੀ ਆਮ ਜੰਤਾ ਦੀ ਨੀਂਦ ਹਰਾਮ ਕਰ ਰਿਹਾ ਹੈ । ਇਨ੍ਹਾਂ ਤਾਕਤਾਂ ਦੀ ਭਾਸ਼ਨ-ਬਾਜ਼ੀ ਤੋਂ ਵੀ ਜੰਤਾ ਤੰਗ ਆਈ ਪਈ ਹੈ, ਜੋ ਇਲਾਕੇ ਦੇ ਹਿਤਬੰਦੀਆਂ ਨੂੰ ਬਿਲਕੁਲ ਨਜ਼ਰ-ਅੰਦਾਜ਼ ਕਰਦੀ ਆਈ ਹੈ । ਉਨ੍ਹਾਂ ਅੱਗੇ ਕਿਹਾ ਕਿ ਇਸ ਦੀ ਬਜਾਏ, ਅਤੇ ਅਮਿਤ ਰੋਈ ਵਰਗੇ ਮਾਹਿਰਾਂ ਦੇ ਮੁਤਾਬਿਕ, ਇਨ੍ਹਾਂ ਕੌਮਾਂ ਦੇ ਮੱਸਲਿਆਂ ਨੂੰ ਹੱਲ ਕਰਨ ਲਈ ਸਮਝੌਤੇ ਕਰਨਾ ਜ਼ਰੂਰੀ ਸਾਬਤ ਹੋਵੇਗਾ ।

ਓਕਸਫ਼ਰਡ ਯੂਨੀਵਰਸਿਟੀ ਕੇਂਦਰ ਦੇ ਧਾਰਮਿਕ ਵਿਭਾਗ ਦੇ ਸਹਾਇਕ ਮੁਖੀ, (Academic Co-Dean, Oxford Centre for Religion and Public Life) ਡਾ ਰੇਵਰੰਡ ਜੌਸ਼ੂਆ ਰਾਜਾ, ਜੋ ਬਰਮਿੰਘਮ ਦੇ ਇਕ ਪ੍ਰਮੁੱਖ ਪਾਦਰੀ ਵੀ ਹਨ, ਨੇ ਕਿਹਾ ਕਿ ਹਰ ਇਕ ਇਨਸਾਨ ਦੇ ਮਨੁੱਖੀ ਹੱਕ ਅਤੇ ਹਰ ਇਕ ਕੌਮ ਦੇ ਖੁੱਦ-ਮੁੱਖਤਿਆਰੀ ਹੱਕਾਂ ਦੀ ਰਾਖੀ ਕਰਨਾ ਹੀ ਧਰਮ ਹੈ, ਲੇਕਿੰਨ ਅੱਜ ਦੇ ਹਿੰਦੁਸਤਾਨ ਵਿਚ ਸੈਂਕੜੇ ਸਿਆਸੀ ਕੈਦੀ ਦਿਹਾਕਿਆਂ ਤੋਂ ਨਜ਼ਰਬੰਦ ਹਨ । ਉਲਟ ਹਿੰਦੁਸਤਾਨ ਦੰਗਿਆਂ ਅਤੇ ਜੱਬਰ-ਜਨਾਹ ਦਾ ਦੇਸ਼ ਬਣ ਗਿਆ ਹੈ, ਜੋ ਸਰਬ-ਨਾਸ਼ੀ ਹੱਥਿਆਰਾਂ ਦੇ ਖੌਫ਼ ਨੂੰ ਹੀ ਫੈਲਾਉਣਾ ਚਾਹੁੰਦਾ ਹੈ । ਪਰ ਹਨੇਰੇ ਨੂੰ ਹਨੇਰਾ ਨਹੀਂ, ਸਿਆਣਪ, ਮਿਲਾਪ ਅਤੇ ਵਿਚਾਰ-ਵਟਾਂਦਰੇ ਦਾ ਚਾਨਣ ਹੀ ਇਸ ਨੂੰ ਦੂਰ ਕਰ ਸਕਦਾ ਹੈ । ਇਸ ਲਈ, ਚੋਣਾਂ ਤੋਂ ਬਾਅਦ, ਇੰਡੀਆ ਨੂੰ ਪ੍ਰਮਾਣੂ ਪਹਿਲ-ਕਦਮੀ ਨੂੰ ਮਨਾ ਕਰਦੀ ਸੰਵਿਧਾਨਿਕ ਸੁਧਾਰ ਲਿਆਉਣਾ ਇਸ ਲਈ ਉੱਚਿਤ ਰਹੇਗੀ ।

ਵਿਸ਼ਵ ਸਿੱਖ ਸੰਸਦ (World Sikh Parliament) ਦੇ ਕੋਆਰਡੀਨੇਟਰ, ਸ: ਜੋਗਾ ਸਿੰਘ ਨੇ ਕਿਹਾ ਕਿ ਜੰਗ ਦੇ ਖਤਰੇ ਤੋਂ ਬਿਨਾ ਹੀ ਪੰਜਾਬ ਦੇ ਹਲਾਤ ਦਿਨੋ-ਦਿਨ ਖਰਾਬ ਹੋ ਰਹੇ ਹਨ । ਬਰਗਾੜੀ ਮੋਰਚੇ ਦੌਰਾਨ ਜਿੱਥੇ ਉਮੀਦ ਸੀ ਕਿ ਸ਼ਾਇਦ ਸਿਆਸੀ ਕੈਦੀ ਰਿਹਾ ਹੋਣਗੇ, ਉੱਥੇ ਅੱਜ ਪੰਜਾਬ ਵਿੱਚੋਂ ਸਿਆਸੀ ਕੈਦੀ ਬਾਹਰਲੇ ਸੂਬਿਆਂ ਵਿਚ ਭੇਜੇ ਜਾ ਰਹੇ ਹਨ । ਜਦੋਂ ਇਸ ਤਰਾਂ ਦੀਆਂ ਕਾਨਫ਼੍ਰੰਸਾ ਤੋਂ ਬੋਲ ਕੇ ਸਿੱਖ ਨੁਮਾਇੰਦਾ ਵਾਪਸ ਇੰਡੀਆ ਪਰਤ ਦੇ ਹਨ, ਉਨ੍ਹਾਂ ਦੇ ਪਾਸਪੋਰਟ ਵੀ ਜ਼ਬਤ ਕੀਤੇ ਜਾਂਦੇ ਹਨ । ਇਸ ਤਰਾਂ ਪਛਿਲੇ ਸਾਲ ਦਲ ਖਾਲਸਾ ਮੁਖੀ ਸ: ਹਰਪਾਲ ਸਿੰਘ ਚੀਮਾ ਦੇ ਨਾਲ ਘਟਨਾ

ਵਾਪਰੀ । ਇਸ ਸਾਲ ਅਦਾਲਤਾਂ ਵੱਲੋਂ ਤਿੰਨ ਸਿੱਖ ਨੌਜਵਾਨਾਂ ਨੂੰ ਧਾਰਮਿਕ ਰਸਾਲੇ ਵੰਡਣ ਲਈ ਹੀ ਉਮਰ ਕੈਦ ਦੀ ਸਜ਼ਾ ਸੁਣਾਈ ਗਈ । ਸੋ ਚਾਹੇ ਹੱਕ ਖੁੱਦ-ਮੁਖਤਿਆਰੀ, ਦਰਿਆਵੀ ਪਾਣੀਆ ਦੇ, ਮਨੁੱਖੀ, ਜਾਂ ਧਾਰਮਿਕ ਕਿਉਂ ਨਾ ਹੋਣ, ਪ੍ਰਸ਼ਾਸ਼ਨ ਵੱਲੋਂ ਲਗਾਤਾਰ ਇਹ ਖੋਇ ਹੀ ਜਾ ਰਹੇ ਹਨ । ਸ: ਜੋਗਾ ਸਿੰਘ ਨੇ ਅਕਾਲ ਤੱਖਤ ਸਾਹਿਬ ਦੇ ਜੱਥੇਦਾਰ, ਭਾਈ ਜਗਤਾਰ ਸਿੰਘ ਹਵਾਰਾ, ਦੇ ਵਕੀਲ ਐਡਵੋਕੇਟ ਅਮਰ ਸਿੰਘ ਚਾਹਲ ਵੱਲੋਂ, ਕਾਨਫ੍ਰੰਸ ਨੂੰ ਵਧਾਈਗੀ ਦਾ ਸੰਦੇਸ਼ ਪੜ੍ਹ ਕੇ ਸੁਣਾਇਆ, ਜਿਸ ਵਿਚ ਸਿੱਖਾਂ ਨੂੰ ਖੁੱਦ-ਮੁਖਤਿਆਰ, ਮੱਧਵਰਤੀ ਰਾਜ ਦੇ ਵੱਲ ਅੱਗੇ ਵੱਧਣ ਲਈ ਪ੍ਰੇਰਿਆ ।

ਲਿਬਰਲ ਡੈਮੋਕ੍ਰੈਟਿਕ ਪਾਰਟੀ ਦੇ ਸਾਬਕਾ ਯੋਰਪੀ ਸੰਸਦ ਮੈਂਬਰ ਅਤੇ ਅੰਤਰ-ਰਾਸ਼ਟ੍ਰੀ ਸੰਪਰਕ ਕਮੇਟੀ ਮੀਤ ਪ੍ਰਧਾਨ (Lib Dem Vice Chair of International Relations Committee), ਫਿੱਲ ਬੈਨਿੱਅਨ ਨੇ ਵੀ ਕਿਹਾ ਕਿ ਯੋਰਪੀ ਸੰਸਦ ਵਿਚ ਹਿੰਦੁਸਤਾਨ ਅੰਦਰ ਚਲ ਰਹੇ ਸੰਘਰਸ਼ਾਂ ਬਾਰੇ ਬਾਰ-ਬਾਰ ਮਸ਼ਵਰੇ ਕਰਨ ਦੇ ਬਾਵਜੂਦ ਮੱਦਵਰਤੀ ਰਾਜ ਸਥਾਪਤ ਕਰਨ ਤੋਂ ਬਿਨਾ ਕੋਈ ਵੀ ਉਪਾਊ ਨਹੀਂ ਹੈ । ਕਸ਼ਮੀਰ ਦੇ ਮੱਸਲੇ ਦੇ ਹੱਲ ਕਰਨ ਲਈ ਪਾਕਿਸਤਾਨ ਨੂੰ ਵੀ ਆਪਣੇ ਕਬਜ਼ੇ ਦੀ ਅਜ਼ਾਦ ਕਸ਼ਮੀਰ ਨੂੰ ਅਰਪਣ ਕਰਨ ਹੋਵੇਗਾ ਅਤੇ ਸਿੱਖਾਂ ਨੂੰ ਵੀ ਖਾਲਿਸਾਤਨ ਲਈ ਆਪਣੀ ਬਹੁ-ਮੱਤ, ਕੈਟੇਲੋਨੀਆ ਦੀ ਮਿਸਾਲ ‘ਤੇ ਸਾਬਤ ਕਰਨੀ ਹੋਵੇਗੀ । ਉਨ੍ਹਾਂ ਇਹ ਵੀ ਕਿਹਾ ਕਿ ਉਹ ਪਾਕਿਸਾਤਨ ਦੇ ਪ੍ਰਧਾਨ ਮੰਤਰੀ ਚੋਣਾਂ ਤੋਂ ਪਹਿਲੇ ਮਿਲੇ ਵੀ ਸਨ, ਅਤੇ ਉਹ ਅੱਜ ਉਮੀਦ ਤੋਂ ਵੱਦ ਕਾਬਲੀਅਤ ਵੀ ਵਿਖਾ ਰਹੇ ਹਨ, ਪਰ ਉਹਨਾਂ ਲਈ ਜ਼ਰੂਰੀ ਹੈ ਕਿ ਉਹ ਇਸ ਨਾਜ਼ਕ ਮੌਕੇ ਆਪਣੇ ਜਜ਼ਬਾਤਾਂ ਨੂੰ ਕਾਬੂ ਰੱਖਣ (ਜੋ ਆਸ ਸ਼ਾਇਦ ਨਰੇਂਦਰ ਮੋਦੀ ਤੋਂ ਨਹੀਂ ਰੱਖੀ ਜਾ ਸਕਦੀ) ।

ਮੌਜੂਦਾ ਕੰਜ਼ਰਵੇਟਿਵ ਯੋਰਪੀ ਸੰਸਦ ਮੈਂਬਰ (Conservative Party MEP, West Midlands) ਐਂਥੀਆ ਮੈਕਿੰਟਾਇਰ ਨੇ ਕਿਹਾ ਕਿ ਉਨ੍ਹਾਂ ਨੂੰ ਕਸ਼ਮੀਰ ਜਾਣ ਦਾ ਵੀ ਮੌਕਾ ਮਿਲਿਆ ਸੀ, ਜਿੱਥੇ ਭਾਰਤੀ ਪ੍ਰਸ਼ਾਸ਼ਨ ਵੱਲੋਂ ਅਵਾਮ ਉੱਤੇ ਬੁਰੀ ਤਰਾਂ ਤਸ਼ੱਦਦ ਢਾਇਆ ਜਾ ਰਿਹਾ ਹੈ । ਜਦੋਂ ਉਨ੍ਹਾਂ ਭਾਰਤੀ ਸੰਸਦ ਵਿਚ ਜਾ ਕੇ ਇਸ ਬਾਰੇ ਜਵਾਬ ਮੰਗਿਆ ਤਾਂ ਉਨ੍ਹਾਂ ਨੂੰ ਉੱਥੋਂ ਜਾਣ ਲਈ ਹੀ ਕਿਹਾ ਗਿਆ । ਇਸ ਲਈ ਉਹ ਹਮੇਸ਼ਾਂ ਕਸ਼ਮੀਰੀਆਂ, ਸਿੱਖਾਂ ਅਤੇ ਹੋਰਾਂ ਕੌਮਾਂ ਦੀ ਖੁੱਦ-ਮੁੱਖਤਿਆਰੀ ਲਈ ਜੂਝ ਦੇ ਰਹਿਣਗੇ ।

ਲੇਬਰ ਪਾਰਟੀ ਦੇ ਰਾਇਟ ਹੌਨਰਾਬਲ ਜੌਨ ਸਪੈੱਲਰ, ਯੂ. ਕੇ. ਸੰਸਦ ਮੈਂਬਰ, ਸਮੈਥਿਕ, ਦੇ ਵੀ ਅਹਿੰਮ ਬਿਆਨ ਇਸ ਮੌਕੇ ਪੜ੍ਹੇ ਗਏ ਜਿਸ ਵਿਚ ਉਨ੍ਹਾਂ ਦੀ ਵਿਦੇਸ਼ ਮੰਤਰੀ ਤਾਈਂ ਗੰਭੀਰ ਸਥਿੱਤੀ ਬਾਰੇ ਲਿੱਖਿਆ ਪੱਤਰ ਵੀ ਕਾਂਨਫ੍ਰੰਸ ਨਾਲ ਸਾਂਝਾ ਕੀਤਾ ਗਿਆ । ਸਲਮਾ ਯਾਕੂਬ, (Patron, Stop the War Coalition) ਅਤੇ ਰਾਣਾ ਨਜ਼ੀਰ, (Founder, British Kashmiri Women Council (BKWC)) ਦੇ ਵੀ ਹਮਦਰਦੀ ਸੁਨੇਹੇ ਇਸ ਮੌਕੇ ਸੁਣਾਏ ਗਏ ।

ਸ: ਗੁਰਪ੍ਰੀਤ ਸਿੰਘ, (Saving Punjab) ਨੇ ਆਪਣੇ ਭਾਸ਼ਨ ਰਾਹੀਂ ਦਰਸਾਇਆ ਕਿ ਜਿੱਥੇ ਇਕ ਪੀੜ੍ਹੀ ਸਿੱਖਾਂ ਦੀ ਬੰਦੂਕਾਂ ਨਾਲ ਫ਼ਰਜ਼ੀ ਮੁਕਾਬਲੇ ਬਣਾ ਕੇ ਮਾਰ ਦਿੱਤੀ, ਦੂਜੀ ਨੱਸ਼ਿਆਂ ਜਾਂ ਕੈਂਸਰ ਕਰਕੇ, ਅਤੇ ਤੀਸਰੀ ਕੁੱਖਾਂ ਵਿਚ ਹੀ, ਭਾਰਤੀ ਪ੍ਰਸ਼ਾਸ਼ਨ ਪ੍ਰਮਾਣੂ ਜੰਗ ਭੜ੍ਹਕਾ ਕੇ ਸਿੱਖਾਂ ਦੀ ਸਰਬ-ਨਾਸ਼ੀ ਕਰਨ ਤੋਂ ਵੀ ਗ੍ਰੇਜ਼ ਨਹੀਂ ਕਰੇਗਾ । ਵਿਸ਼ਵ ਸਿੱਖ ਸੱਸਦ ਦੇ ਨੌਜਵਾਨ ਮੈਂਬਰ ਸ: ਸਿਮਰਨਜੀਤ ਸਿੰਘ (Aston University, Khalistan Society) ਨੇ ਖਾਲਿਸਤਾਨ ਮੱਧਵਰਤੀ ਰਾਜ ਦੇ ਇਤਹਾਸ ਬਾਰੇ ਚਾਨਣਾ ਪਾਇਆ ਅਤੇ ਸ: ਜਸਪ੍ਰੀਤ ਸਿੰਘ, (ਸਲਾਹਕਾਰ, National Union of Students) ਨੇ ਵੀ ਕਿਹਾ ਕਿ ਖਾਲਿਸਤਾਨ ਦਾ ਸੰਘਰਸ਼ ਸਦੀਆਂ ਤੋਂ ਚਲਦੇ ਆ ਰਹੇ ਜ਼ੁਲਮ ਦੇ ਖਿਲਾਫ਼ ਸਿੱਖ ਸੰਘਰਸ਼ ਦਾ ਮੌਜੂਦਾ ਰੂਪ ਹੀ ਹੈ । ਇਸ ਦੇ ਨਾਲ ਹੀ ਉਨ੍ਹਾਂ ਮੈਦਾਨਿ-ਜੰਗ ਤੋਂ ਆਲ ਇੰਡੀਆ ਸਿੱਖ ਸਟੂਡੇਂਟਸ ਫ਼ਡੈਡ੍ਰਸ਼ਨ ਕਨਵੀਨਰ ਭਾਈ ਜਗਰੂਪ ਸਿੰਘ ਚੀਮਾ ਦੇ ਬਿਆਨਾਂ ਨੂੰ ਵੀ ਪੜ੍ਹ ਕੇ ਸੁਣਾਇਆ । ਤਹਿਰੀਕਿ-ਕਸ਼ਮੀਰ ਦੇ ਫ਼ਹੀਮ ਕਿਯਾਨੀ, ਨੇ ਇਨ੍ਹਾਂ ਬਿਆਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਿੱਖਾਂ ਅਤੇ ਕਸ਼ਮੀਰੀਆ ਦਾ ਇਕ ਨਿਸ਼ਾਨਾ, ਅਜ਼ਾਦੀ, ਹੀ ਹੈ ਸੋ ਹਮੇਸ਼ਾਂ ਹੀ ਅਸਾਡਾ ਆਪਸੀ ਤਾਲ-ਮੇਲ ਜਾਰੀ ਰਹੇਗਾ । ਇਨ੍ਹਾਂ ਤੋਂ ਇਲਾਵਾ ਪ੍ਰ: ਨਜ਼ੀਰ ਸ਼ਾਵਲ (Kashmir Concern), ਗ੍ਰੇਹਮ ਵਿੱਲਿਅਮਸਨ (Nations without States), ਇਰਫ਼ਾਨ ਠਾਹੀਰ (Senior Journalist and Director of WNTV), ਮੁਜ਼ਮਿੱਲ ਆਯੂਬ ਠਾਕੁਰ, (Director, The Justice Foundation: Kashmir Inst. of Int'l Affairs), ਡਾ ਗੁਰਨਾਮ ਸਿੰਘ (Senior Lecturer, Coventry University), ਆਪਣੇ ਬਿਆਨਾ ਰਾਹੀਂ ਕਸ਼ਮੀਰ ਅਤੇ ਖਾਲਿਸਤਾਨ ਦੇ ਮੱਧਵਰਤੀ, ਖੁੱਦ-ਮੁਖਤਿਆਰ ਅਤੇ ਹਲੇਮੀ ਰਾਜਾਂ ਲਈ ਫ਼ਤਵੇ ਪੇਸ਼ ਕੀਤੇ । ਇਸ ਤਰਾਂ ਸ: ਅਮਰੀਕ ਸਿੰਘ ਸਹੋਤਾ, (OBE, President, Council of Khalistan/WSP), 29 ਅਪ੍ਰੈਲ 1986 ਨੂੰ ਐਲਾਨਿਆ ਗਿਆ ਪੰਜਾਬ ਅੰਦਰ ਸਿੱਖ ਰਾਜ, ਖਾਲਿਸਤਾਨ, ਦੀ ਵਰ੍ਹੇਗੰਢ ਮੌਕੇ ਰੱਖੀ ਗਈ ਇਹ ਕਾਨਫ੍ਰੰਸ ਵਿਚ ਪਹੁੰਚੇ ਡੈਲੀਗੇਟਾਂ ਦਾ ਧੰਨਬਾਦ ਕੀਤਾ, ਅਤੇ ਇਸ ਸੰਘਰਸ਼ ਲਈ ਸ: ਕੁਲਵੰਤ ਸਿੰਘ ਮੁਠੱਡਾ, (Human Rights lead for Shiromani Alkali Dal, Amritsar) ਨੇ ਵੀ ਜ਼ੋਰਦਾਰ ਹੁੰਘਾਰਾ ਭਰਿਆ । ਸ: ਦੁਪਿੰਦਰਜੀਤ ਸਿੰਘ (Sikhs for Justice), ਨੇ ਕੈਟੇਲੋਨੀਆ ਅਤੇ ਕੁਰਦਿਸਤਾਨ ਦੇ ਮਿਸਾਲ ‘ਤੇ ਰਾਏਸ਼ਮਾਰੀ ਕਰਵਾ ਕੇ ਆਪਣਾ ਖੁੱਦ-ਮੁੱਖਤਿਆਰੀ ਹੱਕ ਸੁਯੰਕਤ ਰਾਸ਼ਟਰ ਅੱਗੇ ਸਾਬਤ ਕਰਨ ਲਈ ਜ਼ੋਰ ਦਿੱਤਾ, ਜਿਸ ਤੋਂ ਬਿਨਾ ਇਹ ਹੱਕ ਪਰਾਪਤ ਕਰਨਾ ਮੁਸ਼ਕਿਲ ਹੈ, ਭਾਵੇਂ ਸਾਡੇ ਪਾਸ ਟੈਂਕਾਂ ਜਾਂ ਤੋਪਾਂ ਵੀ, ਕੁਰਦਾਂ ਦੀ ਮਿਸਾਲ ‘ਤੇ, ਕਿਓਂ ਨਾ ਹਾਸਲ ਹੋ ਜਾਣ ।

ਅੰਤ ਵਿਚ ਕਾਨਫ੍ਰੰਸ ਦੇ ਪ੍ਰਬੰਧਕਾਂ, ਸ: ਮਨਪ੍ਰੀਤ ਸਿੰਘ (Coordinator, World Sikh Parliament) ਅਤੇ ਸ: ਰਣਜੀਤ ਸਿੰਘ ਸਰਾਏ, (General Secretary, Council of Khalistan & WSP) ਨੇ ਕਾਨਫ੍ਰੰਸ ਵਿਚ ਸ਼ਾਮਲ ਹੋਏ ਡੈਲੀਗੇਟ ਅਤੇ ਬੁਲਾਰਿਆਂ ਦਾ ਧੰਨਬਾਦ ਕੀਤਾ ਅਤੇ ਮੱਤਿਆਂ ਦੀ ਪ੍ਰਵਾਨਗੀ ਲਈ, ਖਾਸ ਕਰਕੇ ਸੁਯੰਕਤ ਰਾਸ਼ਟਰ, ਇਸ ਦੀ ਸੁਰੱਖਿਸ਼ਾ ਕੌਂਸਲ, ਯੂ. ਕੇ. ਦੀ ਸਰਕਾਰ ਅਤੇ ਯੋਰਪੀ ਤਾਕਤਾਂ ਤੱਕ ਪੰਜਾਬ ਅਤੇ ਕਸ਼ਮੀਰ ਦੀਆਂ ਗੰਭੀਰ ਅਤੇ ਨਾਜ਼ੁਕ ਹਲਾਤਾਂ ਬਾਰੇ ਜਾਣੂ ਕਰਵਾ ਕੇ ਦੱਖਲ ਦੇਣ ਦੀ ਮੰਗ ਕਰਨੀ । ਕਸ਼ਮੀਰ ਅਤੇ ਖਾਲਿਸਤਾਨ ਜ਼ਿੰਦਾਬਾਦ ਦੀਆਂ ਗੂੰਜਾਂ ਵਿਚ ਕਾਨਫ੍ਰੰਸ ਸਮਾਪਤ ਹੋਈ ।